International Journal of Information Movement Vol.I Issue III (July 2016)
ISSN: 2456-0553 (online) Pages 52-56

# ਡਾ: ਹਰਚਰਨ ਸਿੰਘ ਦੇ ਨਾਟਕਾਂ ਵਿੱਚ ਦੁਖਾਂਤ ਦਾ ਸਰੂਪੋ

**ਡਾ: ਕੁਲਜੀਤ ਕੌਰ**
ਪੰਜਾਬੀ ਵਿਭਾਗ,
ਪੰਜਾਬੀ ਯੂਨੀ.ਟੀ.ਪੀ.ਡੀ.
ਮਾਲਵਾ ਕਾਲਜ,
ਰਾਮਪੁਰਾ ਫੂਲ
e-mail: kuljeetsidhu9696@gmail.com

ਡਾ: ਹਰਚਰਨ ਸਿੰਘ ਦੇ ਨਾਟਕਾਂ ਵਿੱਚ ਦੁਖਾਂਤ ਦਾ ਸਰੂਪ ਵਿਸ਼ੇ ਅਧੀਨ ਅਸਾਂ ਦੁਖਾਤ ਦੇ ਸੰਕਲਪ, ਸਰੂਪ ਤੇ ਹਰਚਰਨ ਸਿੰਘ ਦੀ ਨਾਟਕ ਦ੍ਰਿਸ਼ਟੀ ਦਾ ਡੂੰਘਾ ਅਧਿਐਨ ਪ੍ਰਸਤੂਤ ਕਰਨ ਦਾ ਪ੍ਰਯਾਸ ਕੀਤਾ ਹੈ। ਇਸ ਆਲੋਚਨਾਤਮਕ ਅਧਿਐਨ ਦੀ ਯਾਤਰਾ ਉਪਰੰਤ ਕੁਝ ਮਹੱਤਵਪੂਰਨ ਸਿੱਟੇ ਤੇ ਸਥਾਪਨਾਵਾਂ ਉਘੜਦੀਆਂ ਹਨ ।

ਸਿਧਾਂਤਕ ਪੱਖ ਤੋ ਵੇਖਿਆਂ, ਪੰਜਾਬੀ ਦੁਖਾਂਤ ਨਾਟਕ ਭਾਰਤ ਦੇ ਇਤਿਹਾਸਕ, ਮਿਥਿਹਾਸਕ, ਧਾਰਮਿਕ, ਸੱਭਿਆਚਾਰਕ ਪਿੱਠਭੂਮੀ ਵਿੱਚ, ਪੁਰਾਤਨ ਯੁਨਾਨੀ ਦੁਖਾਂਤ ਨਾਟਕ, ਸੈਕਸਪੀਰੀਅਨ ਤੇ ਆਧੁਨਿਕ ਦੁਖਾਂਤ ਨਾਟਕ ਸੰਕਲਪਾਂ ਦਾ ਮਿਲਵਾਂ ਪ੍ਰਭਾਵ ਗ੍ਰਹਿਣ ਕਰਦਾ ਹੈ । ਡਾ: ਹਰਚਰਨ ਸਿੰਘ ਦੀ ਨਾਟਕਕਾਰੀ ਵੀ ਇਨ੍ਹਾਂ ਪ੍ਰਭਾਵਾਂ ਅਧੀਨ ਜਨਮਦੀ ਅਤੇ ਵਿਕਾਸ਼ ਕਰਦੀ ਹੈ । ਵਿਸਵ ਚਿੰਤਨ ਵਿੱਚ ਦੁਖਾਂਤ ਦਾ ਪ੍ਰਬਲ ਬੋਧ ਖੇਤਰ, ਸਾਹਿਤ ਪਰੰਪਰਾ ਦੇ ਅੰਤਰਗਤ, ਨਾਟਕ ਤੇ ਇੱਕ ਵਿਸ਼ੇਸ ਰੂਪ ਵਜੋਂ ਗ੍ਰਹਿਣ ਕੀਤਾ । ਇੱਕ ਵਿਅਕਤੀ ਦੇ ਸਮੂਹ ਜਨ ਨਾਲੋਂ ਟੁੱਟਣ – ਉਪਰੰਤ ਉਸ ਨਾਲ ਟਕਰਾਉਣ ਦੀ ਪ੍ਰੀਕਿਰਿਆ ਵਿੱਚੋ ਦੁਖਾਂਤ ਨਾਟਕ ਦੀ ਉਤਪਤੀ ਹੋਈ । ਮਨੁੱਖ ਦੀ ਆਤਮ ਪੂਰਤੀ ਦੀ ਲਾਲਸਾ ਦਾ ਪ੍ਰਕਿਰਤੀ ਨਾਲ ਵਿਰੋਧ, ਯੂਨਾਨੀ ਚਿੰਤਨ ਦਾ ਆਧਾਰ ਬਣਦਾ ਹੈ। ਦੁਖਾਂਤ,ਇਸੇ ਵਿਰੋਧ ਵਿੱਚੋ ਹੀ ਉਪਜਦਾ ਹੈ ਦੁਖਾਂਤ ਵੰਡੇ ਹੋਏ ਆਪੇ ਦੀ ਆਪਣੇ ਆਪ ਨਾਲ ਟੱਕਰ ਹੈ । ਇਸ ਸੰਕਲਪ ਤੇ ਸਰੂਪ ਨੂੰ ਸਮਝਣ ਦੀ ਪਹਿਲੀ ਵਿਗਿਆਨਿਕ ਸਮੀਖਿਆ ਅਰਸਤੂ ਦੇ ਕਾਵਿ ਸਾਸਤਰ ਦੀਆਂ ਧਾਰਨਾਵਾਂ ਤੋਂ ਪ੍ਰਾਪਤ ਹੁੰਦੀ ਹੈ ।

ਮੁੱਢ ਤੋ ਹੀ ਰਚੇ ਗਏ ਦੁਖਾਂਤ ਸਾਹਿਤ ਨੂੰ ਕਿਸੇ ਇੱਕ ਪਰਿਭਾਂਸਾ ਅਧੀਨ ਵਿਚਾਰਨਾ ਸੰਭਵ ਨਾ ਹੋਣ ਕਾਰਨ, ਦੁਖਾਂਤ ਸਬੰਧੀ ਜਿੰਨ੍ਹੇ ਮੱਤ ਉਪਲੱਬਧ ਹੁੰਦੇ ਹਨ, ਉਹ ਕਿਸੇ ਸਾਹਿਤ ਰੂਪ ਸਬੰਧੀ ਨਹੀਂ ਹੁੰਦੇ । ਯੂਨਾਨੀ ਦੁਖਾਂਤ ਨਾਟਕ ਦੇ ਆਧਾਰ ਤੇ ਅਰਸਤੂ ਨੇ .ਕਾਵਿ ਸਾਸਤਰ. ਰਚਿਆ । ਅਰਸਤੂ ਤੋਂ ਲੈ ਕੇ ਆਧੁਨਿਕ ਭਾਵ ਬੋਧ ਤੱਕ ਪਹੁੰਚਦਿਆ, ਅਰਸਤੂ ਦੁਆਰਾ ਪ੍ਰਸਤੁਤ ਮੱਤ ਦਾ ਸਮੱਰਥਨ ਜਾਂ ਵਿਰੋਧ ਹੀ ਦੁਖਾਂਤ ਨਾਟਕ ਦੀ ਵਿਕਾਸ਼ ਯਾਤਰਾ ਦਾ ਆਧਾਰ ਬਣਦਾ ਰਿਹਾਂ । ਸੁਤੰਤਰ ਇੱਛਾ ਸਕਤੀ ਅਤੇ ਵਿਅਕਤੀ ਗਤ ਇੱਛਾ ਸਕਤੀ ਅਤੇ ਵਿਅਕਤੀਗਤ ਇੱਛਾ ਵਿਚਕਾਰਲਾ ਸੰਘਰਸ਼ ਦੁਖਾਂਤ ਦਾ ਆਧਾਰ ਬਣਦਾ ਹੈ । ਜਿਸ ਸਮੇਂ ਨਾਇਕ ਇਹ ਮਹਿਸੂਸ ਕਰਦਾ ਹੈ ਕਿ ਸਥਾਪਤੀ ਮਨੁੱਖ ਦੇ ਵਿਕਾਸ ਵਿੱਚ ਖੜੋਤ ਦਿਖਾਈ ਦਿੱਦੀ ਹੈ ਤਾਂ ਉਹ ਇਸ ਨਾਕਾਰਤਮਕ ਵਰਤਾਰੇ ਦਾ ਵਿਰੋਧ ਕਰਦਾ ਹੋਇਆ ਆਪਣੇ ਲਈ ਦੁਖਾਂਤਿਕ ਹੋਣੀ ਸਿਰਜ ਲੈਂਦਾ ਹੈ । ਲੱਗਭੱਗ ਸਾਰੇ ਆਲੋਚਕਾ ਨੇ ਂਕਾਰਜ, ਭਾਵ ਤੇ ਪ੍ਰਸਤੂਤੀ ਦੇ ਆਧਾਰ ਤੇ ਹੀ ਦੁਖਾਂਤ ਦੀ ਪਰਿਭਾਸ਼ਾ ਉਲੀਕਣ ਲਈ ਪ੍ਰਯਤਨ ਕੀਤੇ । ਪੱਛਮੀ ਚਿੰਤਕਾਂ ਨੇ ਦੁਖਾਂਤ ਦੇ ਸਰੂਪ ਵਿੱਚ ਭੈ ਤੇ

ਕਰੁਣਾ ਦੇ ਭਾਵਾਂ ਰਾਂਹੀ ਗਿਆਨ ਪ੍ਰਾਪਤੀ ਦੇ ਸੰਕਲਪ ਵਾਂਗ ਹੀ ਭਾਰਤੀ ਨਾਟਕ ਸਾਹਿਤ ਵਿੱਚ ਦੁਖਾਂਤ ਦੇ ਪ੍ਰਭਾਵ ਨੂੰ ਕੇਵਲ ਕਰੁਣਾ ਅਤੇ ਭੈ ਤੱਕ ਕਰਨ ਦੀ ਥਾਂ ਪ੍ਰਭਾਵ ਸਥਾਪਨਾ ਵੱਲ ਵਧੇਰੇ ਜੋਰ ਦਿੱਤਾ, ਜਿਸਨੂੰ ੋਰਸ ਸਿਧਾਤੋ ਅਧੀਨ ਵਿਚਾਰਿਆ ਗਿਆ । ਕਰੁਣਾ ਤੇ ਭੈ ਦੇ ਅਨੁਭਵ ਕਾਰਨ ਮਨੁੱਖੀ ਆਤਮਾ ਦੁਖੀ ਨਹੀਂ ਸਗੋਂ ਸਾਂਤ ਅਵਸਥਾ ਪ੍ਰਾਪਤ ਕਰ ਲੈਂਦੀ ਹੈ । ਬਦਲਦੇ ਸਮਾਜਕ ਪਰਿਪੇਖ ਵਿੱਚ ਦੁਖਾਂਤ ਨਾਟਕ ਦਾ ਸਰੂਪ ਵੀ ਬਦਲਦਾ ਰਿਹਾਂ ਹੈ। ਯੂਨਾਨੀ ਦੁਖਾਂਤ ਨਾਟਕ ਵਿੱਚ ਹੋਣੀ ਨੂੰ ਅਟੱਲ ਮੰਨਿਆਂ ਗਿਆ ਹੈ। ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹ ਉਨ੍ਹਾਂ ਕਰਮਾਂ ਦਾ ਸਜਾ ਭੁਗਤਦਾ ਹੈ। ਸ਼ੈਕਸਪੀਰੀਅਨ ਦੁਖਾਂਤ ਨਾਟਕ ਵਿੱਚ ਵਿਅਕਤੀ ਨੂੰ ਵਧੇਰੇ ਮਹੱਤਵ ਦਿੱਤਾ ਗਿਆ । ਉਸ ਰਾਂਹੀ ਵਿਅਕਤੀ ਦੀ ਵਿਅਕਤੀ ਨਾਲ ਟੱਕਰ ਤੇ ਵਿਅਕਤੀ ਦੀ ਸਮਾਜ ਨਾਲ ਸੰਘਰਸ਼ ਵਜੋਂ ਉਤਪੰਨ ਹੋਈ ਸਥਿਤੀ ਨੂੰ ਪ੍ਰਸਤੁਤ ਕੀਤਾ ਗਿਆ । ਗੇਟੇ,ਸ਼ਿਲਰ ਤੇ ਹਿਊਗੋ ਅਜਿਹੇ ਦੁਖਾਂਤ ਨਾਟਕਕਾਰ ਹਨ ਜਿਨ੍ਹਾਂ ਨੇ ਯੂਨਾਨੀ ਦੁਖਾਂਤ ਨਾਟਕ ਤੋਂ ਪ੍ਰਭਾਵਿਤ ਹੋ ਕੇ ਚੁਣੇ ਵਿਸ਼ੇ ਨੂੰ ਸ਼ੈਕਸਪੀਰੀਅਨ ਸ਼ੈਲੀ ਵਿੱਚ ਢਾਲਿਆ । ਇਨ੍ਹਾ ਦੇ ਵਿਪਰੀਤ ਆਧੁਨਿਕ ਦੁਖਾਂਤ ਨਾਟਕ,ਸਾਧਾਰਨ ਮਨੁੱਖ ਨੂੰ ਉਸਦੀਆਂ ਸਧਾਰਨ ਪ੍ਰਸਥਿਤੀਆ ਦੇ ਸੰਦਰਭ ਵਿੱਚ ਸੰਘਰਸ਼ ਕਰਦਾ ਦਿਖਾਉਂਦਾ ਹੈ । ਇਬਸਨ ਕਤਲ ਤੇ ਮੌਤ ਨਾਲ ਹੀ ਨਹੀਂ ਸਗੋਂ ਮਾਨਵੀ ਭਾਵਾਂ ਦੇ ਪਲ ਪਲ ਕਤਲ ਹੋਣ ਨੂੰ ਜਿੰਦਗੀ ਦਾ ਡੂੰਘੇਰਾ ਦੁਖਾਂਤ ਗਰਦਾਨਦਾ ਹੈ । ਅਜੋਕਾ ਦੁਖਾਂਤ ਨਾਟਕ ਭੌਤਿਕ ਕਾਰਜ ਨਾਲ ਸੰਤੁਸ਼ਟ ਨਹੀਂ ਸਗੋਂ ਮਨੁੱਖੀ ਮਨ ਦੀਆਂ ਅੰਦਰਲੀਆਂ ਤੈਹਾਂ ਨੂੰ ਖੋਲ੍ਹ ਕੇ ਮਾਨਸਕ ਸਥਿਤੀ ਨੂੰ ਪ੍ਰਗਟ ਕਰਨ ਵਲ ਰੁਚਿੱਤ ਹੈ ।

ਪੱਛਮੀ ਚਿੰਤਨ ਦੇ ਸੰਦਰਭ ਚ ਦੁਖਾਂਤ ਨੂੰ ਸਾਹਿਤ ਦੇ ਮੁੱਖ ਰੂਪ ਵਜੋਂ ਮਹੱਤਵਪੂਰਨ ਸਥਾਨ ਪ੍ਰਾਪਤ ਹੈ । ਪੁਰਾਤਨ ਭਾਰਤੀ ਸਾਹਿਤ ਚਿੰਤਨ ਵਿੱਚ ਸੁੱਧ ਰੂਪ ਵਿੱਚ ਦੁਖਾਂਤ ਦਾ ਚਿਤਰਨ ਤਾਂ ਹੋਇਆ ਪਰੰਤੂ ਇਸਨੂੰ ਸਵੀਕਾਰਿਆ ਨਹੀਂ ਗਿਆ । ਦੁਖਾਂਤ ਦਾ ਮੁੱਖ ਗੁਣ ਇਸਦੇ ਅੰਤਿਮ ਪ੍ਰਭਾਵ ਵਿੱਚ ਕਰੁਣਾ ਅਤੇ ਭੈ ਨੂੰ ਪ੍ਰਾਪਤ ਹੁੰਦੀ ਪ੍ਰਮੁੱਖਤਾ ਹੈ । ਕਰੁਣਾ ਦਾ ਇਹ ਪ੍ਰਭਾਵ, ਭਾਰਤੀ ਸਾਹਿਤ ਚਿੰਤਨ ਵਿੱਚ ਵਧੇਰੇ ਵਿਸਾਲ, ਸੂਖਮ ਅਤੇ ਸਮੱਗਰ ਰੂਪ ਧਾਰਨ ਕਰਦਾ ਹੋਇਆ, ਹੋਰ ਸਾਰੇ ਕਲਾਤਮਕ ਰਸਾਂ ਨੂੰ ਵੀ ਆਪਣੇ ਅੰਦਰ ਸਮਾਉਣ ਯੋਗ ਸਿੱਧ ਹੁੰਦਾ ਹੈ। ਭਾਰਤੀ ਸਾਹਿਤ ਚਿੰਤਨ ਕਰੁਣਾ ਰਸ਼ ਦੀ ਕਲਪਨਾ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਕਲਾਂ ਦੀ ਇਸ ਅਗਲੇਰੀ ਪ੍ਰਾਪਤੀ ੋਸਾਂਤਰਸੋ ਜੋ ਦੁਖਾਂਤ ਦੇ ਵਿਰੇਚਨਾਤਮਕ ਪ੍ਰਭਾਵ ਉਪਰੰਤ ਮਨੁੱਖੀ ਮਨ ਦੀ ਅਵਸਥਾਂ ਦਾ ਲਖਾਇਕ ਹੈ, ਦੀ ਵੀ ਕਲਪਨਾ ਕਰਦਾ ਹੈ । ਭਾਰਤੀ ਦੁਖਾਂਤ ਨਾਟਕ, ਪੱਛਮੀ ਦੁਖਾਂਤ ਦਾ ਪ੍ਰਭਾਵ ਗ੍ਰਹਿਣ ਕਰਦਾ ਉਸਦੇ ਸਮਵਿੱਥ ਚਲਦਾ ਹੈ। ਕਿਸੇ ਭਾਂਸਾ ਦੀ ਸਾਹਿਤਕ ਵਿਧਾ ਤੇ ਕਿਸੇ ਹੋਰ ਭਾਂਸਾ ਦੀ ਸਾਹਿਤਕ ਵਿਧਾ ਤਾ ਹੀ ਪੈਂਦਾ ਹੈ ਜੇ ਸਬੰਧਤ ਭਾਂਸਾ ਦੇ ਸਾਹਿਤ ਵਿੱਚ ਵਿਧਾ ਦੇ ਸਾਰੇ ਤੱਤ ਨਿਹਿਤ ਹੋਣ । ਸੰਸਕ੍ਰਿਤ ਅਤੇ ਹਿੰਦੀ ਦੁਖਾਂਤ ਨਾਟਕ ਪਰੰਪਰਾ ਪੱਛਮੀ ਪ੍ਰਭਾਵ ਕਬੂਲਦੀ ਸਮਵਿੱਥ ਚਲਦੀ ਹੈ। ਪੰਜਾਬੀ ਦੁਖਾਂਤ ਨਾਟਕ ਤੇ 20 ਵੀਂ ਸਦੀ ਦੇ ਚੌਥੇ ਦਹਾਕੇ ਵਿੱਚ, ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਹੇਠ ਹੀ ਇਬਸਨ ਤੇ ਉਸਤੋਂ ਪਿਛੋ ਦੇ ਪੱਛਮੀ ਦੁਖਾਂਤ ਨਾਟਕਕਾਰਾਂ ਦਾ ਪ੍ਰਭਾਵ ਸਪੱਸਟ ਨਜ਼ਰ ਆਉਂਦਾ ਹੈ । ਪਰੰਤੂ ਪੰਜਾਬੀ ਦੁਖਾਂਤ ਨਾਟਕ ਸਮਕਾਲੀਨ ਸਮਾਜਿਕ ਪ੍ਰਸਥਿਤੀਆ ਤੋਂ ਵੀ ਪ੍ਰਭਾਵਿਤ ਹੋਇਆ ਹੈ ।

ਡਾ: ਹਰਚਰਨ ਸਿੰਘ ਪੰਜਾਬੀ ਦਾ ਅਜਿਹਾਂ ਦੁਖਾਂਤ ਨਾਟਕਕਾਰ ਹੈ ਜੋ ਬਾਹਰੀ ਪ੍ਰਭਾਵਾ ਤੋਂ ਸਮੇਂ ਦੀਆਂ ਸਮਕਾਲੀ, ਸਮਾਜਿਕ, ਸੱਭਿਆਚਾਰਕ ਅਤੇ ਸਿਆਸੀ ਪ੍ਰਸਥਿਤੀਆਂ ਤੇ ਸਾਹਿਤਕ ਮਾਹੌਲ ਅਨੁਸਾਰ ਰਚਨਾਂ ਨੇਮਾ ਨੂੰ ਨਿਰਧਾਰਤ ਕਰਦਾ ਹੈ । ਸਮਾਜਿਕ ਪ੍ਰਤੀ ਬੱਧਤਾ ਡਾਂ: ਹਰਚਰਨ ਸਿੰਘ ਦਾ ਅਹਿਮ ਪੱਖ ਹੈ । ਉਹ ਕਿਸੇ ਵੀ ਸਮਾਜਿਕ ਫਿਕਰਾਂ ਤੋਂ ਮੁਕਤ ਨਜ਼ਰ ਨਹੀਂ ਆਉਂਦਾ । ਡਾ: ਹਰਚਰਨ ਸਿੰਘ ਨੇ ਇੰਨ੍ਹਾਂ ਸਮਾਜਿਕ ਫਿਕਰਾਂ ਨੂੰ ਲੈ ਕੇ ਹਰ ਤਰ੍ਹਾਂ ਦੇ ਦੁਖਾਂਤ ਨਾਟਕ ਲਿਖੇ । ਉਸਨੇ ੋਰਾਜਾ ਪੋਰਸ, ੋਮਹੀਸਾ ਸੂਲੀ ਦੇ ਮੁਸ਼ਕਰਾਇਆਂ, ੋਪੰਜਾਬ ਚ ਇੱਕੋ ਮਰਦ ਰਾਣੀ ਜਿੰਦਾਂ, ੋਸੁਭ ਕਰਮਨ ਤੇ ਕਬਹੂੰ ਨ ਟਰੋਂ ਇਤਿਹਾਸ਼ਕ ਦੁਖਾਂਤ ਨਾਟਕ ਰਚ ਕੇ ਪੰਜਾਬ ਦੇ ਨੌਜਵਾਨਾ ਵਿੱਚ ਦੇਸ ਭਗਤੀ ਦੀ ਭਾਂਵਨਾ ਜਗਾਉਣ ਦਾ ਸਫਲ ਉਪਰਾਲਾ ਕੀਤਾ । ਉਸਨੇ ਆਪਣੇ ਅਜਿਹੇ ਦੁਖਾਂਤ ਨਾਟਕਾਂ ਰਾਂਹੀ ਭਾਰਤ ਦੀ ਅਜਾਦੀ ਲਈ ਸਹੀਦ ਹੋਏ ਨੌਜਵਾਨਾ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਕਰਨ ਦਾ ਪ੍ਰਯਤਨ ਕੀਤਾ। ਡਾ: ਹਰਚਰਨ ਸਿੰਘ ਨਾਟਕ ਦਾ ਜਨਮ ਧਾਰਮਿਕ ਪ੍ਰਸੰਗਾ ਵਿੱਚੋਂ ਹੋਇਆ ਮੰਨਦਾ ਹੈ ਇਤਿਹਾਸ ਅਤੇ ਰਾਜਨੀਤਿਕ ਦੀ ਟੱਕਰ ਤੋਂ ਉਤਪੰਨ ਧਾਰਮਿਕ ਦੁਖਾਂਤ ਨੂੰ ਡਾ: ਹਰਚਰਨ ਸਿੰਘ ਨੇ ਚਮਕੌਰ ਦੀ ਗੜੀ, ੋਹਿੰਦ ਦੀ ਚਾਦਰੋ ਆਂਦਿ ਦੁਖਾਂਤ ਨਾਟਕਾਂ ਦੇ ਅੰਤਰਗਤ ਚਿਤਰਿਆ ਹੈ । ੋਹਿੰਦ ਦੀ ਚਾਦਰੋ ਦੁਖਾਂਤ ਨਾਟਕ ਨੂੰ ਇਸ ਵਰਗ ਦੀ ਪ੍ਰਤੀਨਿੱਧ ਰਚਨਾ ਮੰਨਿਆਂ ਜਾ ਸਕਦਾ ਹੈ । ਹੈਨਰਿਕ ਇਬਸਨ ਨੇ ਸਮਕਾਲੀਨ ਸਧਾਰਨ ਵਿਅਕਤੀ ਦੇ ਜੀਵਨ ਨੂੰ ਨਾਟਕੀ ਕਥਾਨਕ ਦਾ ਵਿਸ਼ਾ ਬਣਾਉਣ ਵੱਲ ਵਿਸ਼ੇਸ ਰੁਚੀ ਵਿਖਾਈ, ਸਧਾਰਨ ਮਨੁੱਖੀ ਘੋਲ ਨੇ ਹੀਂ ਸਮਾਜਿਕ ਦੁਖਾਂਤ ਨਾਟਕ ਨੂੰ ਜਨਮ ਦਿੱਤਾ । ੋਅਨਜੋੜੋ ਦੁਖਾਂਤ ਨਾਟਕ ਵਿੱਚ ਡਾ: ਹਰਚਰਨ ਸਿੰਘ ਨੇ ਰਾਜਿੰਦਰ ਵਰਗੇ ਪਾਤਰ ਦੁਆਰਾ ਬੇਮੇਲ ਸਬੰਧਾਂ ਕਾਰਨ ਉਪਜਣ ਵਾਲੇ ਸੰਕਟ ਨੂੰ ਦਰਸਾਇਆ ਹੈ । ਰਾਜਿੰਦਰ ਵਰਗੇ ਕਿੰਨੇ ਹੀ ਅਜਿਹੇ ਪਾਂਤਰ ਹਨ ਜੋ ਸਮਕਾਲੀਨ ਸਮੱਸਿਆ ਦੇ ਸ਼ਿਕਾਰ ਅਜਿਹੇ ਦੁਖਾਂਤ ਨੂੰ ਭੋਗਦੇ । ਦੋਸ਼ ਵਿੱਚ ਉਪਰੋ ਧਾਰਮਿਕ ਭੇਖ ਧਾਰਨ ਕਰਨ ਵਾਲੇ ਪਰ ਮੰਦ ਭਾਵਨਾ ਰੱਖਣ ਵਾਲੇ ਵਿਅਕਤੀ ਹੱਥੋਂ ਇੱਕ ਵਿਧਵਾਂ ਇਸਤਰੀ (ਰਾਜੋ) ਦਾ ਜੀਵਨ ਦੁਖਾਂਤਿਕ ਪ੍ਰਸਥਿਤੀਆ ਦਾ ਭਾਗੀ ਬਣਦਾ ਦੇਖਾਇਆ ਹੈ । ਡਾ: ਹਰਚਰਨ ਸਿੰਘ ਨੇ ੋਰੱਤਾ ਸਾਲੂ ਦੁਖਾਂਤ ਨਾਟਕ ਰਾਹੀਂ ਕਿਰਤੀ ਕਿਸਾਨਾ ਤੇ ਮੁਜਾਹਰਿਆਂ ਰਾਹੀਂ ਜਾਗੀਰਦਾਰੀ ਪ੍ਰਬੰਧ ਵਿਰੁੱਧ ਸੰਘਰਸ਼ ਨੂੰ ਆਧਾਰ ਬਣਾਇਆ ਹੈ । ਜਾਗੀਰਦਾਰੀ ਪ੍ਰਬੰਧ ਅਧੀਨ ਤੇ ਗੁਲਾਮੀ ਦਾ ਅਹਿਸਾਸ ਜਨ-ਸਮੂਹ ਨਾਲ ਟੱਕਰ ਦਾ ਆਧਾਰ ਬਣਦਾ ਹੈ, ਜਿਸਦੇ ਸਿੱਟੇ ਵਜੋਂ ਆਰਥਿਕ ਦੁਖਾਂਤ ਉਪਜਦਾਂ ਹੈ। ੋਜੋਗੋ ਇਸਦਾ ਪ੍ਰਤੀਨਿਧ ਪਾਤਰ ਹੈ । ਮਾਨਸਿਕ ਕਮਜੋਰੀ ਨਾਲ ਘੋਲ ਕਰਦਿਆਂ-ਕਰਦਿਆਂ ਸ਼ੋਭਾ (ੋਸ਼ੋਭਾ ਸ਼ਕਤੀ ) ਦੁਖਾਂਤ ਨਾਟਕ ਨੂੰ ਮਾਨਸਿਕ ਦੁਖਾਂਤ ਸਿੱਧ ਕਰਦੀ ਹੈ । ਸਮਕਾਲੀਨ ਸਮਾਜ ਵਿੱਚ ਰਾਜਨੀਤਿਕ ਸ਼ਕਤੀਆ ਦੀ ਬਦੌਲਤ ਪੈਦਾ ਹੋਏ ਦੁਖਾਂਤ ਨੂੰ ਡਾ: ਹਰਚਰਨ ਸਿੰਘ, ੋਕੱਲ ਅੱਜ ਤੇ ਭਲਕੋ, ੋਦੇਖ ਕਬੀਰਾ ਰੋਯੋ,

ੋਅੱਗ ਬੁਝਾਓ ੋਮਿੱਟੀ ਪੁੱਛੇ ਘੁਮਿਆਰ ਤੋਂੋ ਨਾਟਕਾਂ ਰਾਂਹੀ ਦਰਸਾਉਂਦਾ ਹੈ । ਡਾ: ਹਰਚਰਨ ਸਿੰਘ ਚੇਤੰਨ ਤੌਰ ਤੇ ਸਮਾਜ ਦੀ ਬਿਹਤਰੀ ਲਈ ਨਾਟਕ-ਰਚਨਾਂ ਨੂੰ ਇੱਕ ਹਥਿਆਰ ਵਾਂਗ ਹੀ ਨਹੀਂ ਵਰਤਦਾਂ ਸਗੋਂ ਇੱਕ ਮਿਸ਼ਨ ਵਜੋਂ ਅਪਣਾਉਂਦਾ ਹੈ ।

ਡਾ: ਹਰਚਰਨ ਸਿੰਘ ਦੀ ਸਮਾਜ ਪ੍ਰਤੀ ਪ੍ਰਤੀਬੱਧਤਾ ਸੰਪੂਰਨ ਦੁਖਾਂਤ ਨਾਟਕਾਂ ਵਿੱਚੋ ਉਘੜਦੀ ਹੈ। ਉਸਨੇ ਸਮਾਜਕ ਫਿਕਰ ਨੂੰ ਦੁਖਾਂਤ ਨਾਟਕ ਦੀ ਵੰਨਗੀ ਵਿੱਚ ਢਾਲਿਆ ਹੈ । ਆਮ ਲੋਕਾਂ ਦਾ ਦੁਖਾਂਤ ਨਾਟਕਕਾਰ ਹੋਣ ਦੇ ਨਾਤੇ ਉਸਨੇ ਜੀਵਨ ਦੀਆਂ ਸਧਾਰਨ ਸਮੱਸਿਆਵਾਂ ਨੂੰ ਸਮਾਜਕ,ਸਿਆਸੀ ਚੌਖਟੇ ਵਿੱਚ ਰੱਖ ਕੇ ਸੰਪੂਰਨ ਦੁਖਾਂਤ ਨਾਟਕਾ ਵਾਂਗ ਇਕਾਂਗੀਆ ਰਾਂਹੀ ਵੀ ਪੇਸ਼ ਕੀਤਾ ਹੈ । ਉਸਨੇ ਇਤਿਹਾਸਕ ਪ੍ਰਸੰਗਾਂ ਅਤੇ ਨਾਇਕ–ਨਾਇਕਾਂਵਾ ਨੂੰ ਵੀ ਕਲਾਤਮਕ ਢੰਗ ਨਾਲ ਪ੍ਰਸਤੁਤ ਕੀਤਾ ਹੈ । ਅਜਿਹੇ ਦੁਖਾਂਤ ਨਾਟਕਾਂ ਤੋਂ ਪਾਠਕ / ਦਰਸ਼ਕ ਉਸਾਰੂ ਪ੍ਰੇਰਨਾ ਲੈ ਸਕਦੇ ਹਨ ।

ਡਾ: ਹਰਚਰਨ ਸਿੰਘ ਸਮਾਜਕ ਪ੍ਰਯੋਜਨ ਨੂੰ ਵੱਧ ਤੋਂ ਵੱਧ ਜਿੰਮੇਵਾਰੀ ਨਾਲ ਵਿਸ਼ਾਲ ਜਨ-ਸਮੂਹ ਤੱਕ ਜਨ ਚੇਤਨਾ ਜਗਾਉਣ ਹਿਤ ਵਰਤਣਾ ਚਾਹੁੰਦਾ ਹੈ । ਇਸ ਪ੍ਰਯੋਜਨਾ ਨੂੰ ਸਾਕਾਰਾਤਮਕ ਬਣਾਉਣ ਲਈ ਪ੍ਰਗਟਾਉ ਵਿਧੀਆ ਦੀ ਤਲਾਸ ਅਧੀਨ ਉਸਦੀ ਮੰਚ ਚੇਤਨਾ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ । ਉਹ ਲਗਾਤਾਰ ਰੰਗਮੰਚ ਨਾਲ ਜੁੜੇ ਹੋਣ ਕਾਰਨ, ਆਪਣੇ ਦੁਖਾਂਤ ਨਾਟਕਾਂ ਨੂੰ ਭਲੀ–ਭਾਂਤ ਵੇਖਦਾ ਅਤੇ ਪਰਖਦਾ ਹੈ । ਡਾ: ਹਰਚਰਨ ਸਿੰਘ ਦੇ ਹੁਣ ਤੱਕ ਦੇ ਲਿਖੇ ਸਾਰੇ ਨਾਟਕ ਮੰਚ ਤੇ ਸਫਲਤਾ ਨਾਲ ਖੇਡੇ ਗਏ ।

ਡਾ: ਹਰਚਰਨ ਸਿੰਘ ਦੀ ਪ੍ਰਤੀਬੱਧਤਾ "ਉਦੇਸ਼ਪੂਰਨ ਵਿਹਾਰ ਦੀ ਪੇਸਕਾਰੀ. ਹੈ। ਡਾ: ਹਰਚਰਨ ਸਿੰਘ ਕਿਤੇ ਵੀ ਸਮਾਜ ਦੇ ਆਮ ਲੋਕਾਂ ਪ੍ਰਤੀ ਸੁਹਿਰਦਤਾ ਤੋਂ ਕਿਨਾਰਾਕਸ਼ੀ ਨਹੀਂ ਕਰਦਾ । ਪੰਜਾਬੀ ਦੁਖਾਂਤ ਨਾਟਕ ਹਰਚਰਨ ਸਿੰਘ ਦੇ ਨਾਟਕ "ਰਾਜਾ ਪੋਰਸੋ ਛਪਣ ਤੇ ਹੋਂਦ ਵਿੱਚ ਆਇਆ ਜਿਸਦਾ ਉਦੇਸ "ਪੰਜਾਬ ਦੇ ਨੌਜਵਾਨਾ ਵਿੱਚ ਵੱਧ ਤੋਂ ਵੱਧ ਦੇਸ਼ ਭਗਤੀ ਦੀ ਭਾਵਨਾ ਜਗਾਉਣਾ ਸੀ । ਸ਼ੈਕਸਪੀਅਰ ਦੇ ਪੁਖਾਂਤ ਨਾਟਕਾਂ ਦਾ ਅਨੁਵਾਦ ਪੰਜਾਬੀ ਦੁਖਾਂਤ ਨਾਟਕ ਲਈ ਬੀਜ ਸਾਬਤ ਹੋਇਆ । ਦੁਖਾਂਤ ਨਾਟਕਾਂ ਦੀ ਕੱਚੀ ਮਿਸਾਲ ਗੁਰਬਖਸ਼ ਸਿੰਘ ਪ੍ਰੀਤਲੜੀ ਰਚਿਤ ਨਾਟਕ "ਰਾਜਕੁਮਾਰੀ ਲਤਿਕੋ ਹੈ । ਉਸਤੋਂ ਬਾਅਦ ਪੱਛਮ ਦੀ ਯਥਾਰਥਵਾਦੀ ਨਾਟਕ -ਸ਼ੈਲੀ ਦੇ ਪ੍ਰਭਾਵ ਅਧੀਨ ਹਰਚਰਨ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ ਪਹਿਲੀ ਪੀੜ੍ਹੀ ਦੇ ਦੁਖਾਂਤ ਨਾਟਕਕਾਰਾਂ ਨੇ ਸਮਾਜਕ ਵਿਸ਼ਿਆਂ ਨਾਲ ਸਬੰਧਤ ਨਾਟਕ ਲਿਖਣ ਵੱਲ ਧਿਆਨ ਦਿੱਤਾ ਅਤੇ ਉਨ੍ਹਾਂ ਨੇ ਪ੍ਰਭਾਸਸ਼ਾਲੀ ਪੰਜਾਬੀ ਦੁਖਾਂਤ ਨਾਟਕ ਲਿਖੇ । ਦੂਜੀ ਪੀੜੀ ਦੇ ਨਾਟਕਕਾਰਾਂ ਰੋਸ਼ਨ ਲਾਲ ਆਹੂਜਾ, ਹਰਸਰਨ ਸਿੰਘ, ਗੁਰਚਰਨ ਸਿੰਘ ਜਸੂਜਾ, ਅਮਰੀਕ ਸਿੰਘ ਤੇ ਕਪੂਰ ਸਿੰਘ ਘੁੰਮਣ ਨੇ ਵੰਨ-ਸੁਵੰਨੀਆਂ ਵੰਨਗੀਆਂ, ਝੁਕਾਵਾਂ ਤੇ ਤਕਨੀਕਾਂ ਵਾਲੇ ਪੰਜਾਬੀ ਦੁਖਾਂਤ ਨਾਟਕ ਲਿਖੇ । ਤੀਜੀ ਪੀੜ੍ਹੀ ਦੇ ਨਾਟਕਕਾਰਾਂ ਆਤਮਜੀਤ, ਅਜਮੇਰ ਸਿੰਘ ਔਲਖ, ਚਰਨ ਦਾਸ ਸਿੱਧੂ, ਗੁਰਸ਼ਰਨ ਸਿੰਘ,ਦਵਿੰਦਰ ਦਮਨ, ਦਰਸ਼ਨ ਮਿਤਵਾਂ, ਪਾਲੀ ਭੁਪਿੰਦਰ ਨੇ ਸਮਾਜਕ ਫਿਕਰਾਂ ਨਾਲ ਜੁੜ ਕੇ ਦੁਖਾਂਤ ਨਾਟਕ ਲਿਖੇ । ਡਾ: ਹਰਚਰਨ ਸਿੰਘ ਦੁਖਾਂਤ ਨਾਟਕ ਦਾ ਮੋਢੀ ਰਚੇਤਾ ਹੁੰਦਾ ਹੋਇਆ, ਦੂਜੀ ਤੇ ਤੀਜੀ ਪੀੜ੍ਹੀ ਦੇ ਸਮਵਿੱਥ ਚਲਦਾ ਹੈ , ਡਾ: ਹਰਚਰਨ ਸਿੰਘ ਨੂੰ ਪੰਜਾਬੀ ਨਾਟਕ ਖੇਤਰ ਵਿੱਚ ਇੱਕ ਸੁਹਿਰਦ ਤੇ ਸਮਰਪਿਤ ਦੁਖਾਂਤ ਨਾਟਕਕਾਰ ਦੇ ਤੌਰ ਤੇ ਵਸੀਕਾਰ ਕੀਤਾ ਜਾ ਸਕਦਾ ਹੈ। ਇਸ ਸੁਹਿਰਦਤਾ ਤੇ ਸਮਰਪਣ ਵਿੱਚ ਹੀ ਉਸ ਦੀ ਨਾਟਕਕਲਾ ਦੀ ਸਮੁੱਚੀ ਸ਼ਕਤੀ ਲੁਕੀ ਹੈ । "ਡਾ: ਹਰਚਰਨ ਸਿੰਘ ਦੇ ਨਾਟਕਾਂ ਵਿੱਚ ਦੁਖਾਂਤ ਦਾ ਸਰੂਪੋ ਇਸ ਤੱਥ ਦੀ ਸਥਾਪਤੀ ਦ੍ਰਿੜ ਕਰਾਉਂਦਾ ਹੈ ।

**ਸਹਾਇਕ ਪੁਸਤਕ - ਸੂਚੀ**


1. ਉਪੱਲ, ਕਮਲੇਸ਼ (1986) **ਐਬਸਰਡਵਾਦ ਅਤੇ ਪੰਜਾਬੀ ਰੰਗਮੰਚ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
2. ਆਹੂਜਾ, ਰੋਸ਼ਨ ਲਾਲ, (1963) **ਨਾਟ ਸ਼ਾਸਤਰ**, ਪੰਜਾਬੀ ਰਾਈਟਰਜ਼, ਕੋਆਪਰੇਟਿਵ ਸੋਸਾਇਟੀ ਲਿਮਟਿਡ, ਲੁਧਿਆਣਾ, ਮਿਤੀਹੀਣ **ਸਾਹਿਤ ਸ਼ਾਸਤਰ**, ਹਿੰਦ ਪਬਲਿਸ਼ਰਜ਼, ਜਲੰਧਰ,
3. ਆਹੂਜਾ, ਰੋਸ਼ਨ ਲਾਲ ਅਤੇ ਛੁੱਲ, ਗੁਰਦਿਆਲ ਸਿੰਘ,- **ਆਧੁਨਿਕ ਪੰਜਾਬੀ ਨਾਟਕ ਭਾਗ ਪਹਿਲਾ,** ਲਾਹੌਰ ਬੁੱਕ ਸਾਪ, ਲੁਧਿਆਣਾ **ਆਧੁਨਿਕ ਪੰਜਾਬੀ ਨਾਟਕ (ਦੁਖਾਂਤ ਤੇ ਸਮੱਸਿਆਵਾਂ )**
4. ਆਤਮਜੀਤ,ਸਤੀਸ਼ ਕੁਮਾਰ ਵਰਮਾ (1995) **ਹਰਚਰਨ ਸਿੰਘ ਦੀ ਨਾਟਕ ਕਲਾ**, ਮੰਚਣ(ਸੰਪਾਦਕ)ਆਰਟਸ ਐਂਡ ਰੀਸਰਚ ਸੈਂਟਰ, ਮੋਹਾਲੀ,
5. ਸੇਖੋਂ, ਸੰਤ ਸਿੰਘ,( 1962) **ਬਹਾਦਰ ਭੈਣ ਅੰਤਿਗਨੀ**, ਕੇਂਦਰੀ ਪੰਜਾਬੀ ਲੇਖਕ ਸਭਾ, ਜਲੰਧਰ